# ਐੱਫ ਬੀ ਆਈ ਦੁਆਰਾ ਲੋੜੀਂਦਾ

# ਵਿਕਾਸ਼ ਯਾਦਵ

**ਭਾੜੇ 'ਤੇ ਕਤਲ, ਭਾੜੇ 'ਤੇ ਕਤਲ ਕਰਨ ਦੀ ਸਾਜ਼ਿਸ਼, ਮਨੀ ਲਾਂਡਰਿੰਗ ਦੀ ਸਾਜ਼ਿਸ਼**







## ਵੇਰਵਾ

| | |
|---|---|
| **ਉਪ-ਨਾਂ:** "ਵਿਕਾਸ", "ਅਮਾਨਤ" | |
| **ਵਰਤੀ ਗਈ ਜਨਮ ਮਿਤੀ(ਆਂ)** : 11 ਦਸੰਬਰ, 1984 | **ਜਨਮ ਸਥਾਨ:** ਪ੍ਰਾਣਪੁਰਾ, ਹਰਿਆਣਾ, ਭਾਰਤ |
| **ਵਾਲ:** ਕਾਲੇ | **ਅੱਖਾਂ:** ਭੂਰੀਆਂ |
| **ਕੱਦ**: 5'10" ਤੋਂ 6'1" | **ਭਾਰ:** ਲਗਭਗ 175 ਪੌਂਡ |
| **ਲਿੰਗ**: ਮਰਦ | **ਨਾਗਰਿਕਤਾ:** ਭਾਰਤੀ |

## ਚੇਤਾਵਨੀ

ਵਿਕਾਸ਼ ਯਾਦਵ ਸੰਯੁਕਤ ਰਾਜ ਅਮਰੀਕਾ ਦੀ ਧਰਤੀ ਉੱਤੇ ਸੰਯੁਕਤ ਰਾਜ ਅਮਰੀਕਾ ਦੇ ਵਕੀਲ ਅਤੇ ਭਾਰਤੀ ਮੂਲ ਦੇ ਰਾਜਨੀਤਿਕ ਕਾਰਕੁਨ ਦੀ ਹੱਤਿਆ ਦੀ ਸਾਜ਼ਿਸ਼ ਨੂੰ ਕਥਿਤ ਤੌਰ ਤੇ ਨਿਰਦੇਸ਼ਿਤ ਕਰਨ ਦੇ ਅਰੋਪ ਵਿੱਚ ਲੋੜੀਂਦਾ ਹੈ। ਯਾਦਵ ਭਾਰਤ ਵਿੱਚ ਰਹਿਣ ਵਾਲਾ ਇੱਕ ਭਾਰਤੀ ਨਾਗਰਿਕ ਹੈ ਅਤੇ ਕਤਲ ਦੀ ਸਾਜ਼ਿਸ਼ ਦੀ ਸਹੂਲਤ ਲਈ ਆਪਣੇ ਸਹਿ-ਸਾਜ਼ਿਸ਼ਕਰਤਾ, ਜੋ ਕਿ ਇੱਕ ਹੋਰ ਭਾਰਤੀ ਨਾਗਰਿਕ ਹੈ, ਨਾਲ ਸੰਪਰਕ ਕਰਦੇ ਸਮੇਂ "ਅਮਾਨਤ" ਉਪਨਾਮ ਦੀ ਵਰਤੋਂ ਕਰਦਾ ਸੀ। ਯਾਦਵ ਨੇ ਸਾਜ਼ਿਸ਼ ਨੂੰ ਹੋਰ ਅੱਗੇ ਵਧਾਉਣ ਲਈ ਭਾਰਤੀ ਨਾਗਰਿਕ ਨੂੰ ਕਥਿਤ ਤੌਰ 'ਤੇ ਜਾਣਕਾਰੀ ਪ੍ਰਦਾਨ ਕੀਤੀ, ਜਿਵੇਂ ਕਿ ਪੀੜਤ ਦੇ ਰਿਹਾਇਸ਼ੀ ਪਤੇ, ਫ਼ੋਨ ਨੰਬਰ ਅਤੇ ਪਛਾਣ ਸਬੰਧੀ ਹੋਰ ਜਾਣਕਾਰੀ। ਯਾਦਵ ਅਤੇ ਉਸ ਦੇ ਸਹਿ-ਸਾਜ਼ਿਸ਼ਕਰਤਾ ਨੇ ਕਤਲ ਦੇ ਪੇਸ਼ਗੀ ਭੁਗਤਾਨ ਵਜੋਂ ਨਿਊ ਯਾਰਕ, ਨਿਊ ਯਾਰਕ ਵਿੱਚ 15,000 ਡਾਲਰ ਨਕਦ ਦੇਣ ਲਈ ਇੱਕ ਸਹਿਯੋਗੀ ਦਾ ਪ੍ਰਬੰਧ ਕੀਤਾ। ਉਸ ਤੇ ਭਾੜੇ 'ਤੇ ਕਤਲ, ਭਾੜੇ 'ਤੇ ਕਤਲ ਕਰਨ ਦੀ ਸਾਜ਼ਿਸ਼, ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਦੇ ਦੋਸ਼ ਲਗਾਏ ਜਾਣ ਤੋਂ ਬਾਦ 10 ਅਕਤੂਬਰ, 2024 ਨੂੰ ਯੂਨਾਈਟਿਡ ਸਟੇਟਸ ਡਿਸਟ੍ਰਿਕਟ ਕੋਰਟ, ਨਿਊ ਯਾਰਕ, ਨਿਊ ਯਾਰਕ, ਨਿਊ ਯਾਰਕ ਦੇ ਦੱਖਣੀ ਜ਼ਿਲ੍ਹੇ ਵਿੱਚ ਯਾਦਵ ਦੇ ਖਿਲਾਫ ਇੱਕ ਸੰਘੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ।

**ਜੇ ਤੁਹਾਡੇ ਕੋਲ ਇਸ ਵਿਅਕਤੀ ਨਾਲ ਸਬੰਧਿਤ ਕੋਈ ਵੀ ਜਾਣਕਾਰੀ ਹੈ, ਤਾਂ ਕਿਰਪਾ ਕਰਕੇ ਆਪਣੇ ਸਥਾਨਕ ਐਫ.ਬੀ.ਆਈ. ਦਫਤਰ ਜਾਂ ਨੇੜਲੇ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਨਾਲ ਸੰਪਰਕ ਕਰੋ।**

**ਖੇਤਰੀ ਦਫਤਰ: ਨਿਊ ਯਾਰਕ**